**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜੁਆਲਾ ਸਿੰਘ,
ਪੁੱਤਰ ਸ਼੍ਰੀ ਸੰਤੋਖ ਸਿੰਘ,
ਪਿੰਡ ਦਿਆਲਪੁਰਾ,
ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ, ਮਾਲਵਾ ਕਾਲਿਜ, ਬੋਂਦਲੀ,
ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਰ, ਸਿੱਖਿਆ (ਕਾਲਿਜਾਂ) ਪੰਜਾਬ,
ਸਿੱਖਿਆ ਭਵਨ, ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:714 ਆਫ਼ 2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸ਼੍ਰੀ ਮੋਹਿਤ ਵਸ਼ਿਸ਼ਟ(98888-68988), ਐਡਵੋਕੇਟ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੀ ਤਰਫੋਂ ਸ਼੍ਰੀ ਕਰਮਬੀਰ ਸਿੰਘ ਚਾਵਲਾ, ਐਡਵੋਕੇਟ (94170-07700)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 10-08-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਪ੍ਰਿੰਸੀਪਲ, ਮਾਲਵਾ ਕਾਲਿਜ, ਬੋਂਦਲੀ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਗੁਰੂ ਨਾਨਕ ਸਿਮ੍ਰਤੀ ਹਾਲ ਬਿਲਡਿੰਗ, ਕੰਟੀਨ, ਮੋਟਰ ਸਾਈਕਲ-ਸਕੂਟਰ ਸਟੈਂਡ ਦੀ ਉਸਾਰੀ ਅਤੇ ਪ੍ਰਬੰਧਕੀ ਬਲਾਕ ਅਤੇ ਮੈਨੇਜਮੈਂਟ ਕਮੇਟੀ ਦਫ਼ਤਰ ਦੀ ਰੈਨੋਵੇਸ਼ਨ ਤੇ ਆਈ ਲਾਗਤ ਆਦਿ ਨਾਲ ਸਬੰਧਤ 08 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-10-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 22-02-2019 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 15-03-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 10-04-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪੇਸ਼ੀ, ਮਿਤੀ 15-07-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਮੋਹਿਤ ਵਸ਼ਿਸ਼ਟ ਐਡਵੋਕੇਟ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ, ਸ਼੍ਰੀਮਤੀ ਪਰਮਜੀਤ ਕੌਰ ਸੋਬਤੀ, ਪਿੰਸੀਪਲ-ਕਮ-ਲੋਕ ਸੂਚਨਾ ਅਧਿਕਾਰੀ ਵੱਲੋਂ ਆਪਣੇ ਨੁਮਾਇੰਦੇ, ਸ਼੍ਰੀ ਕਰਮਬੀਰ ਸਿੰਘ ਚਾਵਲਾ, ਐਡਵੋਕੇਟ ਰਾਹੀਂ ਆਪਣੇ ਜਵਾਬ, ਮਿਤੀ 24-06-2019 ਦੇ ਸਬੰਧ ਵਿੱਚ ਅਪੀਲਕਰਤਾ ਵੱਲੋਂ ਪੇਸ਼ ਕੀਤੇ ਗਏ ਜਵਾਬ ਮਿਤੀ 09-07-2019 ਦੇ ਵਿਰੁੱਧ ਆਪਣਾ ਲਿਖਤੀ ਜਵਾਬ, ਮਿਤੀ 15-07-2019 ਪੇਸ਼ ਕੀਤਾ ਸੀ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਸੀ ਅਤੇ ਉਸ ਦੀ ਇੱਕ ਕਾਪੀ ਅਪੀਲਕਰਤਾ ਨੂੰ ਵੀ ਦਸਤੀ ਦੇ ਦਿੱਤੀ ਗਈ ਸੀ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਨੂੰ ਪ੍ਰਾਪਤ ਹੋਏ ਜਵਾਬ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 07-08-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਪਿਛਲੀ ਪੇਸ਼ੀ, ਮਿਤੀ 07-08-2019 ਤੇ ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਮੋਹਿਤ ਵਸ਼ਿਸ਼ਟ ਐਡਵੋਕੇਟ ਨੇ ਕਿਹਾ ਸੀ ਕਿ ਉਨ੍ਹਾਂ ਵੱਲੋਂ ਉੱਤਰਦਾਤਾ ਦੇ ਜਵਾਬ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਿਤ ਕਰਨ ਦੇ ਬਾਵਜੂਦ ਵੀ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਅਪੀਲਕਰਤਾ ਦੇ ਨੁਮਾਇੰਦੇ ਵੱਲੋਂ ਪੇਸ਼ੀ ਭੁਗਤ ਕੇ ਜਾਣ ਤੋਂ ਬਾਅਦ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੀ ਤਰਫੋਂ ਸ਼੍ਰੀ ਕਰਮਬੀਰ ਸਿੰਘ ਚਾਵਲਾ, ਐਡਵੋਕੇਟ ਨੇ ਪੱਤਰ, ਮਿਤੀ 06-08-2019 ਦੀ ਕਾਪੀ ਪੇਸ਼ ਕਰਦੇ ਹੋਏ ਪ੍ਰਿੰਸੀਪਲ-ਕਮ-ਲੋਕ ਸੂਚਨਾ ਅਧਿਕਾਰੀ ਨੂੰ ਪੇਸ਼ੀ ਤੇ ਹਾਜ਼ਰ ਹੋਣ ਤੋਂ ਛੋਟ ਦੇਣ ਲਈ ਬੇਨਤੀ ਕੀਤੀ ਸੀ ਅਤੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਸੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ ਅਤੇ ਇਹ ਕੇਸ ਅਗਲੀ ਸੁਣਵਾਈ ਮਿਤੀ 03-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

4. ਪਿਛਲੀ ਪੇਸ਼ੀ, ਮਿਤੀ 03-09-2019 ਤੇ ਫਿਰ ਪੇਸ਼ੀ ਤੇ ਹਾਜ਼ਰ ਦੋਵਾਂ ਧਿਰਾਂ ਨੂੰ ਸੁਣਿਆ ਗਿਆ ਸੀ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਮੋਹਿਤ ਵਸ਼ਿਸ਼ਟ, ਐਡਵੋਕੇਟ ਨੇ ਆਪਣਾ ਲਿਖਤੀ ਜਵਾਬ, ਮਿਤੀ 03-09-2019 ਪੇਸ਼ ਕੀਤਾ ਸੀ ਜ਼ੋ ਕਿ ਮਿਸਲ ਤੇ ਰੱਖ ਲਿਆ ਗਿਆ ਸੀ। ਅਪੀਲਕਰਤਾ ਦੇ ਨੁਮਾਇੰਦੇ ਵੱਲੋਂ ਆਪਣੇ ਜਵਾਬ ਰਾਹੀਂ ਕਮਿਸ਼ਨ ਨੂੰ ਦੱਸਿਆ ਗਿਆ ਸੀ ਕਿ ਮਾਲਵਾ ਕਾਲਿਜ, ਬੋਂਦਲੀ, ਸਮਰਾਲਾ ਇੱਕ ਸਰਕਾਰੀ ਸਹਾਇਤਾ ਪ੍ਰਾਪਤ ਕਾਲਿਜ ਹੈ ਜੋ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਹੈ। ਇਹ ਕਾਲਿਜ ਪੰਜਾਬ ਸਰਕਾਰ ਕੋਲੋਂ 95% ਸਹਾਇਤਾ ਪ੍ਰਾਪਤ ਕਰ ਰਿਹਾ ਹੈ ਜਿਸ ਕਰਕੇ ਇਹ ਕਾਲਿਜ ਲੋਕ ਅਥਾਰਟੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ ਅਤੇ ਕਿਸੇ ਨਾਗਰਿਕ ਨੂੰ ਸੂਚਨਾ ਦੇਣ ਤੋਂ ਇੰਨਕਾਰ ਨਹੀਂ ਕਰ ਸਕਦਾ। ਉਸ ਵੱਲੋਂ ਆਪਣੇ ਜਵਾਬ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਪਹਿਲੇ ਲੋਕ ਸੂਚਨਾ ਅਧਿਕਾਰੀ ਵੱਲੋਂ ਅਪੀਲਕਰਤਾ ਨੂੰ 50,000/-ਰੁਪਏ ਜਮ੍ਹਾਂ ਕਰਵਾਉਣ ਨੂੰ ਕਿਹਾ ਗਿਆ ਸੀ ਜੋ ਕਿ ਗੈਰ-ਵਾਜਿਬ ਅਤੇ ਗੈਰ-ਕਾਨੂੰਨੀ ਮੰਗ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਇਹ ਪੈਸੇ ਮੰਗਣ ਸਬੰਧੀ ਕਿਸੇ ਨਿਯਮ ਜਾਂ ਰੈਗੂਲੇਸ਼ਨ ਦਾ ਹਵਾਲਾ ਨਹੀਂ ਦਿੱਤਾ ਗਿਆ ਸੀ।ਅਪੀਲਕਰਤਾ ਦੇ ਨੁਮਾਇੰਦੇ ਨੇ ਦੱਸਿਆ ਸੀ ਕਿ ਅਪੀਲਕਰਤਾ ਕਾਲਿਜ ਦਾ ਇੱਕ ਸਾਬਕਾ-ਵਿਦਿਆਰਥੀ ਹੈ ਅਤੇ ਉਹ ਲੋਕ ਹਿੱਤ ਵਿੱਚ ਸੂਚਨਾ ਮੰਗ ਰਿਹਾ ਹੈ। ਇਸ ਤਰ੍ਹਾਂ ਅਪੀਲਕਰਤਾ ਦੇ ਨੁਮਾਇੰਦੇ ਨੇ ਸੂਚਨਾ ਮੁਹੱਈਆ ਕਰਾਉਣ ਅਤੇ ਆਰ.ਟੀ.ਆਈ. ਐਕਟ,2005 ਦੀ ਧਾਰਾ

ਪਰਤੋ ਜੀ----ਚਲਦਾ ਪੰਨਾ/3

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



20 ਤਹਿਤ ਲੋਕ ਸੂਚਨਾ ਅਧਿਕਾਰੀ ਵਿਰੁੱਧ ਕਾਰਵਾਈ ਕਰਨ ਲਈ ਬੇਨਤੀ ਕੀਤੀ ਸੀ।

5. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੀ ਤਰਫੋਂ ਸ਼੍ਰੀ ਕਰਮਬੀਰ ਸਿੰਘ ਚਾਵਲਾ, ਐਡਵੋਕੇਟ ਨੇ ਆਪਣੇ ਜਵਾਬ, ਮਿਤੀ 15-07-2019 ਰਾਹੀਂ ਮੰਨਿਆ ਸੀ ਕਿ ਉਨ੍ਹਾਂ ਦਾ ਮਾਲਵਾ ਕਾਲਿਜ, ਬੋਂਦਲੀ, ਸਮਰਾਲਾ ਇੱਕ ਸਰਕਾਰੀ ਸਹਾਇਤਾ ਪ੍ਰਾਪਤ ਕਾਲਿਜ ਹੈ ਜੋ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਹੈ ਪਰੰਤੂ ਇਹ ਜ਼ਰੂਰੀ ਨਹੀਂ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਹਰੇਕ ਝੂਠੀ ਸੂਚਨਾ ਉਸ ਨੂੰ ਮੁਹੱਈਆ ਕਰਵਾਈ ਜਾਵੇ। ਅਪੀਲਕਰਤਾ ਨੂੰ 50,000/-ਰੁਪਏ ਜਮ੍ਹਾਂ ਕਰਵਾਉਣ ਲਈ ਲਿਖਣ ਬਾਰੇ ਉਨ੍ਹਾਂ ਵੱਲੋਂ ਕਿਹਾ ਗਿਆ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਬਹੁਤ ਜ਼ਿਆਦਾ ਮਾਤਰਾ ਵਿੱਚ ਹੋਣ ਕਾਰਨ ਲਿਖਿਆ ਗਿਆ ਸੀ ਜੋ ਕਿ ਵਾਜਿਬ ਹੈ ਕਿਉਂਕਿ ਇਹ ਸੂਚਨਾ ਤਿਆਰ ਕਰਨ ਲਈ ਕਾਲਿਜ ਨੂੰ ਆਪਣੇ ਦੂਜੇ ਮਹੱਤਵ-ਪੂਰਨ ਕੰਮ ਛੱਡ ਕੇ ਤਿਆਰ ਕਰਨੀ ਪੈਣੀ ਹੈ। ਇਸ ਤੋਂ ਇਲਾਵਾ ਉੱਤਰਦਾਤਾ ਦੇ ਨੁਮਾਇੰਦੇ ਵੱਲੋਂ ਇਹ ਵੀ ਕਿਹਾ ਗਿਆ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਕੁੱਝ ਸੂਚਨਾ ਤੀਜੀ ਧਿਰ ਨਾਲ ਸਬੰਧਤ ਹੈ ਜੋ ਕਿ ਕਾਨੂੰਨ ਮੁਤਾਬਿਕ ਦਿੱਤੀ ਨਹੀਂ ਜਾ ਸਕਦੀ। ਇਸ ਤਰ੍ਹਾਂ ਉੱਤਰਦਾਤਾ ਦੇ ਨੁਮਾਇੰਦੇ ਵੱਲੋਂ ਕਿਹਾ ਗਿਆ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਅਣ-ਉਚਿੱਤ ਅਤੇ ਨਿਰਾਧਾਰ ਹੈ ਜੋ ਕਿ ਦੇਣੀ ਨਹੀਂ ਬਣਦੀ। ਇਸ ਲਈ ਉੱਤਰਦਾਤਾ ਵੱਲੋਂ ਅਪੀਲਕਰਤਾ ਦੀ ਅਪੀਲ ਜੋ ਕਿ ਅਪੀਲਕਰਤਾ ਨੇ ਮੰਦ-ਭਾਵਨਾ ਨਾਲ ਕਾਲਿਜ ਅਧਿਕਾਰੀਆਂ ਨੂੰ ਪ੍ਰੇਸ਼ਾਨ ਕਰਨ ਲਈ ਦਾਇਰ ਕੀਤੀ ਹੈ, ਡਿਸਮਿਸ ਕਰਨ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਿਰੁੱਧ ਕੋਈ ਕਾਰਵਾਈ ਨਾ ਕਰਨ ਲਈ ਬੇਨਤੀ ਕੀਤੀ ਗਈ ਸੀ।

6. ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਉਪਰੰਤ, ਇਸ ਕੇਸ ਵਿੱਚ ਹੋਰ ਡੂੰਘਾਈ ਨਾਲ ਵਿਚਾਰ ਕਰਨ ਵਾਸਤੇ ਇਹ ਅਪੀਲ ਕੇਸ ਰਿਜ਼ਰਵ ਰੱਖਿਆ ਗਿਆ ਸੀ।

7. ਇਸ ਕੇਸ ਵਿੱਚ ਅਪੀਲਕਰਤਾ ਵੱਲੋਂ ਹੇਠ ਲਿਖੇ 08 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਹੈ:-

1. Information about the total cost of construction of Guru Nanak Samiriti Hall, building on the room of Science and mathes Department, Canteen in Girl Wing, Motor Cycle, Scooter Stand and renovation of administrative block and office of Management Committee office:-
   - (i) The information about each building mentioned above should be given separately.
   - (ii) Information about the contractor with address who constucted the

ਪਰਤੋ ਜੀ----ਚਲਦਾ ਪੰਨਾ/4

buildings above and his registration number should also be given.

2. Provide photo copies of the record of all types of leave with station leave availed by the Principal,Dr. Jaspal Singh from the month of his appointment upto 31-07-2018
3. Procvide the total cost of agriculture (like purchasing seed, ploughing, irrigation, labour etc.) on the land adjoining to the Guru Nanak Samiriti Hall, from 1-07-2017 to 31-07-2018, inclulding electricity bill from 1-01-2012 to 31-07-2018. This information electricity bill given every month separately.
4. Information about amout transferred from Principal Account to the MEC Account from 01-04-2009 to 31-07-2018. This information of each year should be given separately and under which rule this amount has been transferred.
5. Information about the total cost of langer hall (Shed) alongwith machinery, articles and grossory purchased. Information about the salary of employees appointed for Langer hall from 01-07-2016 to 31-07-2018.
6. Information about number of trees sold from the land adjoining the Guru Nanak Dev Samiriti Hall should be given:-
   (i) Photo copy of advertisement of sale of trees.
   (ii) Record of auction of selling of trees, the name and complete address of buyers.
7. Information about the security fee collected and refunded to the students from 01-07-2009 to 31-07-2018:-
   (i) Total collection of securities of students from 01-07-2009 to 31-07-2018. This information of each student and each year should be given separately.

ਪਰਤੋ ਜੀ----ਚਲਦਾ ਪੰਨਾ/5

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**





8. Information about the payment given to the Lehri Printing Press Khanna for all type of printing such as invitation cards, file covers, prospectus, progress report, magzine, flex board, advertisement, pamphlets, voucher etc..:-
    - (i) Information about each year from 01-07-2009 to 31-07-2018 should be given separately.
    - (ii) Photo copies of the bills, vouchers, receipts, quotations, cheques etc. related to Lehri Printing Press should be given from 01-07-2009 to 31-07-2018.
    - (iii) Information about the name of owner and address of Lehri Printing Press Khanna.

8. ਦੋਵਾਂ ਧਿਰਾਂ ਵੱਲੋਂ ਪੇਸ਼ ਕੀਤੇ ਗਏ ਲਿਖਤੀ ਜਵਾਬਾਂ ਅਤੇ ਪੇਸ਼ੀ ਦੌਰਾਨ ਦਿੱਤੀਆਂ ਗਈਆਂ ਜ਼ੁਬਾਨੀ ਦਲੀਲਾਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਕਮਿਸ਼ਨ ਮਹਿਸੂਸ ਕਰਦਾ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਵਿੱਚੋਂ ਕੁੱਝ ਸੂਚਨਾ ਨੂੰ ਛੱਡ ਕੇ ਬਾਕੀ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਾਉਣੀ ਬਣਦੀ ਹੈ। ਉੱਤਰਦਾਤਾ ਕਾਲਿਜ ਵੱਲੋਂ ਅਪੀਲਕਰਤਾ ਨੂੰ ਫੀਸ ਜਮ੍ਹਾਂ ਕਰਾਉਣ ਲਈ ਨਿਰਧਾਰਿਤ ਸਮੇਂ ਅੰਦਰ ਨਹੀਂ ਲਿਖਿਆ ਗਿਆ ਸੀ। ਇਸ ਕਰਕੇ ਅਪੀਲਕਰਤਾ ਕੋਲੋਂ ਕੋਈ ਫੀਸ ਲੈਣੀ ਨਹੀਂ ਬਣਦੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹੇਠਾਂ ਲਿਖੇ ਅਨੁਸਾਰ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਵਾ ਦਿੱਤੀ ਜਾਵੇ:-

- (ੳ) ਨੁਕਤਾ ਨੰ:1 ਬਾਰੇ ਸੂਚਨਾ ਮੁਹੱਈਆ ਕਰ ਦਿੱਤੀ ਜਾਵੇ;
- (ਅ) ਨੁਕਤਾ ਨੰ:2 ਸਬੰਧੀ ਕੇਵਲ ਡਾਕਟਰ ਜਸਪਾਲ ਸਿੰਘ, ਪ੍ਰਿੰਸੀਪਲ ਦੀਆਂ ਛੁੱਟੀਆਂ ਬਾਰੇ ਸੂਚਨਾ ਮੁਹੱਈਆ ਕਰ ਦਿੱਤੀ ਜਾਵੇ;
- (ੲ) ਨੁਕਤਾ ਨੰ:3 ਬਾਰੇ ਕੇਵਲ ਬਿਜਲੀ ਦੇ ਬਿੱਲਾਂ ਸਬੰਧੀ ਸੂਚਨਾ ਦੇ ਦਿੱਤੀ ਜਾਵੇ;
- (ਸ) ਨੁਕਤਾ ਨੰ:4 ਬਾਰੇ ਉੱਤਰਦਾਤਾ ਦੇ ਜਵਾਬ ਅਨੁਸਾਰ ਮਾਲਵਾ ਐਜੂਕੇਸ਼ਨ ਕੌਂਸਿਲ, ਆਰ.ਟੀ.ਐਕਟ, 2005 ਤਹਿਤ ਸੂਚਨਾ ਲਈ ਤੀਜੀ ਧਿਰ ਦੀ ਸ੍ਰੇਣੀ ਵਿਚ ਆਉਂਦਾ ਹੈ ਅਤੇ ਉਸ ਵੱਲੋਂ ਆਪਣੀ ਸੂਚਨਾ ਦੇਣ ਲਈ ਇਤਰਾਜ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੈਨੇਜਿੰਗ ਕਮੇਟੀ/ਮਾਲਵਾ ਐਜੂਕੇਸ਼ਨ ਕੌਂਸਿਲ ਵੱਲੋਂ ਮਤਾ ਪਾਸ ਕੀਤੇ ਬਿਨ੍ਹਾਂ ਇਸ ਦੇ ਖਾਤਿਆਂ ਬਾਰੇ ਕੋਈ ਸੂਚਨਾ ਕਿਸੇ ਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਕਮਿਸ਼ਨ ਉੱਤਰਦਾਤਾ ਦੇ ਜਵਾਬ ਤੋਂ ਸੰਤੁਸ਼ਟ ਹੈ । ਇਸ ਕਰਕੇ ਨੁਕਤਾ ਨੰ:4 ਬਾਰੇ ਅਪੀਲਕਰਤਾ ਨੂੰ ਸੂਚਨਾ ਮਹੱਈਆ ਨਾ ਕੀਤੀ ਜਾਵੇ।

ਪਰਤੋ ਜੀ----ਚਲਦਾ ਪੰਨਾ/6

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



(ਹ) ਨੁਕਤਾ ਨੰ:5 ਬਾਰੇ ਉੱਤਰਦਾਤਾ ਦੇ ਜਵਾਬ ਅਨੁਸਾਰ ਕਾਲਿਜ ਵਿੱਚ ਲੰਗਰ ਹਾਲ ਦੀ ਉਸਾਰੀ ਮਾਲਵਾ ਐਜੂਕੇਸ਼ਨ ਕੌਂਸਿਲ ਵੱਲੋਂ ਮੁਹੱਈਆ ਕਰਵਾਏ ਗਏ ਫੰਡਾਂ ਦੁਆਰਾ ਕੀਤੀ ਗਈ ਸੀ ਜਿਸ ਕਰਕੇ ਇਸ ਸਬੰਧੀ ਸਾਰਾ ਲੇਖਾ-ਜੋਖਾ, ਮਾਲਵਾ ਐਜੂਕੇਸ਼ਨ ਕੌਂਸਿਲ ਦੇ ਕਬਜ਼ੇ ਵਿੱਚ ਹੈ ਅਤੇ ਪਿੰਸੀਪਲ (ਲੋਕ ਸੂਚਨਾ ਅਧਿਕਾਰੀ) ਦੇ ਕੰਟਰੋਲ ਅਧੀਨ ਨਾ ਹੋਣ ਕਾਰਨ ਦਫ਼ਤਰੀ ਰਿਕਾਰਡ ਦਾ ਹਿੱਸਾ ਵੀ ਨਹੀਂ ਹੈ ਜਿਸ ਕਰਕੇ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਨਹੀਂ ਕੀਤੀ ਜਾ ਸਕਦੀ। ਇਸ ਨੁਕਤੇ ਬਾਰੇ ਕਮਿਸ਼ਨ ਉੱਤਰਦਾਤਾ ਦੇ ਜਵਾਬ ਤੋਂ ਸੰਤੁਸ਼ਟ ਹੈ । ਇਸ ਕਰਕੇ ਨੁਕਤਾ ਨੰ:5 ਬਾਰੇ ਅਪੀਲਕਰਤਾ ਨੂੰ ਸੂਚਨਾ ਮਹੱਈਆ ਨਾ ਕੀਤੀ ਜਾਵੇ;

(ਕ) ਨੁਕਤਾ ਨੰ:6 ਵਿਅਰਥ ਹੈ, ਇਸ ਬਾਰੇ ਸੂਚਨਾ ਨਾ ਦਿੱਤੀ ਜਾਵੇ;

(ਖ) ਨੁਕਤਾ ਨੰ:7 ਉੱਤਰਦਾਤਾ ਦੇ ਜਵਾਬ ਅਨੁਸਾਰ ਹਰੇਕ ਵਿਦਿਆਰਥੀ ਕੋਲੋਂ ਸਿਕਓਰਿਟੀ ਦੀ ਕੁਲੈਕਸ਼ਨ ਰਿਫੰਡ ਕਰਨ ਵਾਲੀ ਸੂਚਨਾ ਸਾਲ 2009 ਤੋਂ 2018 ਤੱਕ ਦੇ ਪੁਰਾਣੇ ਲੇਖਾ ਰਿਕਾਰਡ ਵਿੱਚੋਂ ਲੱਭ ਕੇ ਕੰਪਾਇਲ ਕਰਨ ਵਾਲੀ ਹੈ ਜੋ ਕਿ ਸੰਭਵ ਨਹੀਂ ਹੈ। ਇਸ ਤੋਂ ਇਲਾਵਾ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਹਰੇਕ ਵਿਅਕਤੀਗਤ ਵਿਦਿਆਰਥੀ ਨਾਲ ਸਬੰਧਤ ਹੋਣ ਕਾਰਨ ਤੀਜੀ ਧਿਰ ਦੀ ਸੂਚਨਾ ਬਣਦੀ ਹੈ ਜੋ ਕਿ ਵਿਅਕਤੀਗਤ ਵਿਦਿਆਰਥੀ ਦੀ ਸਹਿਮਤੀ ਬਿਨ੍ਹਾਂ ਮੁਹੱਈਆ ਨਹੀਂ ਕੀਤੀ ਜਾ ਸਕਦੀ। ਇਸ ਨੁਕਤੇ ਬਾਰੇ ਕਮਿਸ਼ਨ ਉੱਤਰਦਾਤਾ ਦੇ ਜਵਾਬ ਤੋਂ ਸੰਤੁਸ਼ਟ ਹੈ । ਇਸ ਕਰਕੇ ਨੁਕਤਾ ਨੰ:7 ਬਾਰੇ ਅਪੀਲਕਰਤਾ ਨੂੰ ਸੂਚਨਾ ਮਹੱਈਆ ਨਾ ਕੀਤੀ ਜਾਵੇ;

(ਗ) ਨੁਕਤਾ ਨੰ:8 ਬਾਰੇ ਉੱਤਰਦਾਤਾ ਦੇ ਜਵਾਬ ਅਨੁਸਾਰ ਲਹਿਰੀ ਪ੍ਰਿੰਟਿੰਗ ਪ੍ਰੈਸ, ਖੰਨਾ ਨਾਲ ਸਬੰਧਤ ਮੰਗੀ ਗਈ ਸੂਚਨਾ ਆਰ.ਟੀ.ਐਕਟ, 2005 ਤਹਿਤ ਸੂਚਨਾ ਲਈ ਤੀਜੀ ਧਿਰ ਦੀ ਸ੍ਰੇਣੀ ਵਿਚ ਆਉਂਦੀ ਹੈ ਅਤੇ ਉਸ ਵੱਲੋਂ ਆਪਣੀ ਸੂਚਨਾ ਦੇਣ ਲਈ ਇਤਰਾਜ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੂਚਨਾ 01-07-2009 ਤੋਂ 31-07-2018 ਤੱਕ ਦੇ ਪੁਰਾਣੇ ਲੇਖਾ ਰਿਕਾਰਡ ਵਿੱਚੋਂ ਲੱਭ ਕੇ ਕੰਪਾਇਲ ਕਰਨ ਵਾਲੀ ਹੈ ਜੋ ਕਿ ਸੰਭਵ ਨਹੀਂ ਹੈ। ਕਮਿਸ਼ਨ ਉੱਤਰਦਾਤਾ ਦੇ ਜਵਾਬ ਤੋਂ ਸੰਤੁਸ਼ਟ ਹੈ । ਇਸ ਕਰਕੇ ਨੁਕਤਾ ਨੰ:8 ਬਾਰੇ ਅਪੀਲਕਰਤਾ ਨੂੰ ਸੂਚਨਾ ਮਹੱਈਆ ਨਾ ਕੀਤੀ ਜਾਵੇ।

ਉਪਰੋਕਤ ਹਦਾਇਤ ਦੇ ਨਾਲ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 18 ਸਤੰਬਰ, 2019.**